# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734

PSBTE/Exam/Feb -21/247 Dated: 10/2/2021

ਵੱਲ

ਪ੍ਰਿੰਸੀਪਲ

ਸਮੂਹ ਪਾਲੀਟੈਕਨਿਕ ਅਤੇ ਫਾਰਮੇਸੀ ਸੰਸਥਾਂਵਾਂ

**Subject:** **ਫਰਵਰੀ 2021 ਦੀ ਪ੍ਰੀਖਿਆ ਕੰਡਕਟ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵੱਖ ਵੱਖ ਬਹੁਤਕਨੀਕੀ ਕਾਲਜਾਂ ਅਤੇ ਕਾਲਜਾਂ ਨਾਲ ਸਬੰਧਤ Associations ਵਲੋ ਪ੍ਰਾਪਤ ਬੇਨਤੀ ਪੱਤਰਾਂ ਤੇ ਵਿਚਾਰ ਕਰਦੇ ਹੋਏ Examination Committee ਦੀ 33ਵੀਂ meeting ਵਿੱਚ ਫਰਵਰੀ 2021 ਦੀ ਪ੍ਰੀਖਿਆ ਸਮੂਹ ਸਮੈਸਟਰਾਂ/ਸਲਾਨਾ ਕੋਰਸਾਂ ਲਈ Blend Mode (Online+Offline) ਰਾਹੀਂ ਕੰਡਕਟ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

1. ਫਰਵਰੀ 2021 ਦੀ ਪ੍ਰੀਖਿਆ ਜੋਕਿ Blend Mode (Online+Offline) ਰਾਹੀਂ ਕੰਡਕਟ ਕਰਵਾਈ ਜਾ ਰਹੀ ਹੈ, ਸਬੰਧੀ ਹੇਠ ਦਰਸਾਏ ਅਨੁਸਾਰ ਪੈਟਰਨ ਅਤੇ instructions ਤਿਆਰ ਕੀਤਾ ਗਿਆ ਹੈ :

   i. ਸੰਸਥਾਂ ਵਲੋਂ ਵਿਦਿਅਰਥੀਆਂ ਤੋਂ ਇਹ consent ਲਈ ਜਾਵੇਗੀ ਕਿ ਉਹ ਘਰ ਬੈਠ ਕੇ ਪੇਪਰ ਦੇਣਾ ਚਾਹੁੰਦੇ ਹਨ, ਜਾਂ ਪ੍ਰੀਖਿਆ ਸੈਂਟਰ ਵਿੱਚ ਆ ਕੇ ਪੇਪਰ ਦੇਣਾ ਚਾਹੁੰਦੇ ਹਨ।

   ii. ਜੇਕਰ ਵਿਦਿਆਰਥੀ ਵਲੋਂ ਘਰ ਬੈਠ ਕੇ ਪੇਪਰ ਦੇਣ ਲਈ consent ਦਿੱਤੀ ਜਾਂਦੀ ਹੈ ਤਾਂ ਉਸ ਵਿਦਿਆਰਥੀ ਕੋਲ ਇੰਟਰਨੈਟ ਦੀ ਸੁਵਿਧਾ/ਪੇਪਰ ਡਾਉਨਲੋਡ ਕਰਨ/ਉਤਰ ਕਾਪੀ ਸਕੈਨ ਕਰਨ ਦਾ provision ਹੈ ਤਾਂ ਹੀ ਉਹ ਵਿਦਿਆਰਥੀ ਘਰ ਬੈਠ ਕੇ ਪੇਪਰ ਦੇਣ ਲਈ eligible ਹੈ।

   iii. ਜੋ ਵਿਦਿਆਰਥੀ ਘਰ ਬੈਠ ਕੇ ਪੇਪਰ ਦੇਣ ਦੀ consent ਦੇਣਗੇ ਉਨ੍ਹਾਂ ਵਿਦਿਆਰਥੀਆਂ ਦਾ ਸੰਸਥਾਂ ਵਲੋਂ ਟਰੇਡ ਵਾਇਸ ਕਲਾਸ ਵਾਇਸ ਡਾਟਾ ਤਿਆਰ ਕੀਤਾ ਜਾਵੇਗ।

   iv. ਜਿਹੜੇ ਵਿਦਿਆਰਥੀਆਂ ਵਲੋਂ ਘਰ ਬੈਠ ਕੇ ਪੇਪਰ ਦੇਣੇ ਹਨ, ਉਹ A4 size ਦਾ ਪੇਪਰ ਉਤਰ ਕਾਪੀ ਦੇ ਤੌਰ ਤੇ use ਕਰਨਗੇ ਅਤੇ drawing subject ਦਾ ਪੇਪਰ ਮਾਰਕੀਟ ਵਿੱਚ ਉਪਲਬੱਧ white Chart paper ਤੇ ਦੇਣਗੇ। ਇੱਕ ਵਿਸ਼ੇ ਦੇ ਪੇਪਰ ਲਈ A4 size ਦੀ 08 ਸ਼ੀਟਾਂ (single side) ਤੋਂ ਵੱਧ ਦੀ ਵਰਤੋਂ allowed ਨਹੀਂ ਹੋਵੇਗੀ ।ਜੋ ਵਿਦਿਆਰਥੀ ਸੰਸਥਾ ਵਿੱਚ ਆ ਕੇ ਪੇਪਰ ਦੇਣਾ ਚਾਹੁੰਦੇ ਹਨ, ਉਹਨਾ ਵਿਦਿਆਰਥੀਆਂ ਨੂੰ ਉਤਰ ਕਾਪੀ ਵਜੋ house test sheets ਜਾਂ A4 size ਦੀ ਸ਼ੀਟ ਦੀ ਵਰਤੋ ਕੀਤੀ ਜਾਵੇ ਅਤੇ ਜੇਕਰ A4 size ਦੀ ਸ਼ੀਟ ਦੀ ਵਰਤੋ ਕੀਤੀ ਜਾਂਦੀ ਹੈ ਤਾਂ ਕੁਲ 8 ਪੰਨੇ (single side) ਹੀ ਵਰਤੇ ਜਾਣਗੇ ਜੇਕਰ ਵਿਦਿਆਰਥੀ ਵਲੋ ਉਤਰ ਕਾਪੀ ਵਜੋ house test sheets ਦੀ ਵਰਤੋ ਕੀਤੀ ਜਾਂਦੀ ਹੈ ਤਾਂ ਉਸ ਦੇ ਪਹਿਲੇ 8 ਪੰਨੇ ਹੀ ਵਰਤੇ ਜਾਣ ਅਤੇ ਅੰਤਿਮ ਪੰਨੇ ਤੇ ਵਿਦਿਆਰਥੀ ਵਲੋ ਹਸਤਾਖਰ ਕੀਤੇ ਜਾਣ। ਜੇਕਰ ਕਿਸੀ ਵਿਦਿਆਰਥੀ ਨੇ 8 ਪੰਨੇ ਤੋ ਵੱਧ ਪੰਨੇ ਵਰਤੇ ਗਏ ਹਨ ਤਾਂ ਉਸ ਦੀ ਉਤਰ ਕਾਪੀ ਦੇ ਪਹਿਲੇ 8 ਪੰਨੇ ਹੀ evaluate ਕੀਤੇ ਜਾਣਗੇ ।ਸਾਰੀ ਵਰਤੋਂ ਕੀਤੀ ਸ਼ੀਟਾਂ ਤੇ ਵਿਦਿਆਰਥੀ ਵਲੋਂ page numbering ਅਤੇ ਹਰ ਸ਼ੀਟ ਤੇ signature ਕੀਤੇ ਜਾਣਗੇ। ਪ੍ਰੀਖਿਆ ਲਈ ਵਰਤੀ ਜਾਣ ਵਾਲੀ A4 size ਦੀ ਸ਼ੀਟ ਦਾ ਨਮੂਨਾ ਇਸ ਪੱਤਰ ਨਾਲ ਨੱਥੀ ਕੀਤਾ ਜਾ ਰਿਹਾ ਹੈ।

   v. ਜੇਕਰ ਵਿਦਿਆਰਥੀ ਵਲੋ ਭੇਜੀ ਗਈ ਉਤਰ ਕਾਪੀ ਸਹੀ ਫੋਰਮੇਟ ਵਿੱਚ ਨਹੀ ਹੈ ਜਾਂ readable ਨਹੀ ਹੈ ਤਾਂ ਵਿਦਿਆਰਥੀ ਨੂੰ ਕਿਹਾ ਜਾਵੇ ਕਿ ਆਪਣੀ ਉਤਰ ਕਾਪੀ (hard copy) ਪੇਪਰ ਖਤਮ ਹੋਣ ਉਪਰੰਤ ਪ੍ਰੀਖਿਆ ਕੇਂਦਰ ਵਿੱਚ ਜਮਾਂ ਕਰਵਾਈ ਜਾਵੇ ਅਤੇ invigilator ਵਲੋ ਕਾਪੀ ਤਸਦੀਕ

ਕਰਨਾ ਯਕੀਨਾ ਬਣਾਇਆ ਜਾਵੇ ਅਤੇ ਈ ਮੇਲ ਰਾਹੀ ਭੇਜੀ ਉੱਤਰ ਕਾਪੀ ਨਾਲ ਮਿਲਾਨ ਕਰਨਾ ਯਕੀਨੀ ਬਣਇਆ ਜਾਵੇ। ਇਸ ਤਰਾਂ ਦੇ ਵਿਦਿਆਰਥੀਆਂ ਨੂੰ ਬਾਕੀ ਪੇਪਰ offline ਦੇਣ ਲਈ ਕਿਹਾ ਜਾਵੇ।

vi. ਸੰਸ਼ਥਾਂ ਵਲੋਂ ਇਹ ਸੁਨਿਸ਼ਚਤ ਬਣਾਇਆ ਜਾਵੇਗਾ ਕਿ ਜਿਹੜੇ ਵਿਦਿਆਰਥੀ ਘਰ ਬੈਠ ਕੇ ਪੇਪਰ ਦੇਣਗੇ ਉਨ੍ਹਾਂ ਵਿਦਿਆਰਥੀਆਂ ਨੂੰ ਪੇਪਰ ਮੇਲ ਕਰਨ ਅਤੇ ਉੱਤਰ ਕਾਪੀ ਪ੍ਰਾਪਤ ਹੋਣ ਉਪਰੰਤ ਇਸ ਦਾ ਪ੍ਰਿੰਟ ਕਰਨ ਆਦਿ ਲਈ ਲੋੜੀਦਾਂ infrastructure ਮੌਜੂਦ ਹੋਵੇ।

vii. ਸੰਸਥਾਂ ਵਲੋਂ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਵੇਗਾ ਕਿ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਵਿਦਿਆਰਥੀ ਜੋ ਉੱਤਰ ਕਾਪੀ ਸੰਸਥਾਂ ਨੂੰ ਭੇਜਣਗੇ ਉਹ PDF format ਵਿੱਚ ਹੋਵੇ। ਵਿਦਿਆਰਥੀ ਵਲੋਂ ਉੱਤਰ ਕਾਪੀ ਦਾ ਨਾਂਮ (file name ਲਈ) class subject code registration number (for example ਜੇਕਰ ਵਿਦਿਆਰਥੀ ਨੇ 6th ਸਮੈਸਟਰ ਦਾ 5132 ਕੋਡ ਦਾ ਪੇਪਰ ਦੇਣਾ ਹੈ ਅਤੇ ਉਸ ਦਾ registration number 16009511O193 ਹੈ ਤਾਂ ਉਸ ਦੀ ਉੱਤਰ ਕਾਪੀ ਦਾ file name 6513216009511O193 ਹੋਵੇਗਾ। ਦਰਸਾਏ ਗਏ example ਅਨੁਸਾਰ file name ਕੁਲ 17 digits ਦਾ ਹੀ ਹੋਣਾ ਚਾਹੀਦਾ ਹੈ।

viii. Invigilator ਵਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀ ਵਲੋਂ ਆਪਣੀ ਉੱਤਰ ਕਾਪੀ ਦਾ ਫਾਇਲ ਨੇਮ ਉਪਰੋਕਤ ਦਰਸਾਏ ਉਦਾਹਰਨ ਅਨੁਸਾਰ ਸਹੀ ਰੱਖਿਆ ਗਿਆ ਹੈ। ਜੇਕਰ ਵਿਦਿਆਰਥੀ ਵਲੋਂ ਭੇਜੀ ਉੱਤਰ ਕਾਪੀ ਦਾ ਫਾਇਲ ਨੇਮ ਸਹੀ ਨਹੀਂ ਹੈ ਤਾਂ Invigilator ਵਲੋਂ ਵਿਦਿਆਰਥੀ ਦੇ particulars check ਕਰਨ ਉਪਰੰਤ ਉਸ ਦੀ ਉੱਤਰ ਕਾਪੀ ਦਾ ਫਾਇਲ ਨੇਮ rename ਕਰਦੇ ਹੋਏ ਸਹੀ ਕਰਨਾ ਯਕੀਨੀ ਬਣਾਇਆ ਜਾਵੇਗਾ।

ix. ਪ੍ਰੀਖਿਆ ਸੈਂਟਰ ਵਿੱਚ ਆ ਕੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਅਤੇ ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਅਲਗ-ਅਲਗ Invigilator ਲਗਾਏ ਜਾਣਗੇ।

x. ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਰੂਲਾਂ ਮੁਤਾਬਿਕ 30 ਵਿਦਿਆਰਥੀਆਂ ਪਿਛੇ 01 Invigilator ਲਗਾਇਆ ਜਾਵੇਗਾ। ਉਸ Invigilator ਵਲੋਂ zoom App, webEx, Google Meet etc. ਰਾਹੀਂ video conferencing ਰਾਹੀਂ ਵਿਦਿਆਰਥੀਆਂ ਤੇ check ਰੱਖਿਆ ਜਾਵੇਗਾ। ਜੋ ਵਿਦਿਆਰਥੀ ਘਰ ਬੈਠ ਕੇ ਪੇਪਰ ਦੇਣਗੇ ਉਹ ਵਿਦਿਆਰਥੀ ਆਪਣੀ live location invigilator ਦੇ ਨਾਲ share ਕਰਣਗੇ ਅਤੇ invigilator ਇਹ ਯਕੀਨੀ ਬਣਾਏਗਾ ਕਿ ਇੱਕ location ਵਿੱਚ ਇੱਕ ਤੋਂ ਜ਼ਿਆਦਾ ਵਿਦਿਆਰਥੀ ਪੇਪਰ ਨਾ ਦੇ ਰਹੇ ਹੋਣ।

xi. Blend Mode (Online+Offline) ਰਾਹੀਂ ਪੇਪਰ ਕੰਡਕਟ ਕਰਵਾਏ ਜਾਣ ਵਾਲੇ ਪੇਪਰ ਦਾ duration 01:15 ਘੰਟੇ ਦਾ ਹੋਵੇਗਾ, ਅਤੇ ਇਸ ਤੋਂ ਇਲਾਵਾ ਘਰ ਬੈਠ ਕੇ ਪੇਪਰ ਦੇ ਰਹੇ ਵਿਦਿਆਰਥੀ ਨੂੰ ਉੱਤਰ ਕਾਪੀ ਸਕੈਨ ਕਰਕੇ ਭੇਜਣ ਲਈ 30 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਇੱਕ ਦਿਨ ਵਿੱਚ ਦੋ ਸ਼ਿਫਟਾਂ ਵਿੱਚ ਪੇਪਰ ਕੰਡਕਟ ਕਰਵਾਏ ਜਾਣਗੇ। ਸਵੇਰ ਦੀ ਸ਼ਿਫਟ ਦਾ ਸਮਾਂ 09:30 A.M ਤੋਂ 11:15 A.M (ਪੇਪਰ ਦਾ ਸਮਾਂ 01:15 Hrs ਅਤੇ 30 ਮਿੰਟ ਦਾ ਸਮਾਂ ਉੱਤਰ ਕਾਪੀ ਸਕੈਨ ਕਰਨ ਅਤੇ ਮੇਲ ਕਰਨ ਲਈ) ਅਤੇ ਸ਼ਾਮ ਦੀ ਸ਼ਿਫਟ ਦਾ ਸਮਾਂ 12:30 P.M ਤੋਂ 02:15 P.M (ਪੇਪਰ ਦਾ ਸਮਾਂ 01:15 Hrs ਅਤੇ 30 ਮਿੰਟ ਦਾ ਸਮਾਂ ਉੱਤਰ ਕਾਪੀ ਸਕੈਨ ਕਰਨ ਅਤੇ ਮੇਲ ਕਰਨ ਲਈ) ਰੱਖਿਆ ਗਿਆ ਹੈ। ਪਹਿਲਾ offline mode ਦੇ ਵਿੱਚ ਸ਼ਾਮ ਦੀ ਸ਼ਿਫਟ ਦਾ ਸਮਾਂ 01:30 P.M to 04:30 P.M ਹੁੰਦਾ ਸੀ। ਸ਼ਾਮ ਦੀ ਸ਼ਿਫਟ ਦਾ ਸਮਾਂ ਜਲਦ ਇਸ ਲਈ ਕਰ ਦਿੱਤਾ ਗਿਆ ਹੈ ਤਾਂ ਜੋਂ invigilators ਨੂੰ ਵਿਦਿਆਰਥੀਆਂ ਤੋਂ ਪ੍ਰਾਪਤ ਉੱਤਰ ਕਾਪੀਆਂ ਨੂੰ ਪ੍ਰਿੰਟ ਕਰਨ ਲਈ ਵੱਧ ਸਮਾਂ ਮਿਲ ਸਕੇ। ਸਵੇਰ ਦੀ ਸ਼ਿਫਟ ਲਈ ਬੋਰਡ ਵਲੋਂ ਸੰਸਥਾਂਵਾਂ ਨੂੰ ਸਵੇਰ

09:05 A.M ਤੇ ਪ੍ਰਸ਼ਨ ਪੱਤਰ ਭੇਜਿਆ ਜਾਵੇਗਾ ਅਤੇ ਸੰਸਥਾਂਵਾਂ ਵਲੋਂ ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਨੂੰ 09:20 A.M ਤੇ ਪੇਪਰ ਭੇਜਿਆ ਜਾਵੇਗਾ ਅਤੇ ਸ਼ਾਮ ਦੀ ਸ਼ਿਫਟ ਲਈ ਇਹ ਸਮਾਂ ਸੰਸਥਾਂ ਵਾਸਤੇ 12:05 P.M ਅਤੇ ਘਰ ਬੈਠ ਕੇ ਪੇਪਰ ਦੇ ਰਹੇ ਵਿਦਿਆਰਥੀਆਂ ਨੂੰ ਪੇਪਰ ਭੇਜਣ ਲਈ 12:20 P.M ਹੋਵੇਗਾ।

xii. ਬੋਰਡ ਦਫਤਰ ਵਲੋਂ ਸੰਸਥਾਂਵਾਂ ਨੂੰ online Question paper ਭੇਜਿਆ ਜਾਵੇਗਾ। ਇਸ ਤੋਂ ਬਾਅਦ ਸੰਸਥਾਂ ਵਲੋਂ ਤਿਆਰ ਕੀਤੇ ਗਏ ਡਾਟਾ ਅਨੁਸਾਰ ਵਿਦਿਆਰਥੀਆਂ ਨੂੰ Question paper ਭੇਜਿਆ ਜਾਵੇਗਾ।

xiii. ਪੇਪਰ ਖਤਮ ਹੋਣ ਤੋਂ ਬਾਅਦ ਵਿਦਿਆਰਥੀਆਂ ਵਲੋਂ ਆਪਣੀ ਉਤਰ ਕਾਪੀ ਨੂੰ ਸਕੇਨ ਕਰਕੇ ਆਪਣੀ ਸੰਸਥਾਂ ਦੇ invigilator ਨੂੰ ਭੇਜਣਗੇ। ਵਿਦਿਆਰਥੀਆਂ ਵਲੋਂ ਸਕੈਨ ਕਰਕੇ ਭੇਜੀ ਗਈ ਉਤਰ ਕਾਪੀ ਵਿਦਿਆਰਥੀ ਦੀ ਆਪਣੀ handwriting ਵਿੱਚ ਹੋਵੇ ਅਤੇ readable ਹੋਣੀ ਚਾਹੀਦੀ ਹੈ ਅਤੇ ਜੇਕਰ ਉਤਰ ਕਾਪੀ readable ਨਾ ਹੋਈ ਤਾਂ ਉਤਰ ਕਾਪੀ evaluate ਨਹੀਂ ਕਰਵਾਈ ਜਾਵੇਗੀ ਅਤੇ ਉਸ ਵਿਦਿਆਰਥੀ ਦਾ ਰਿਜਲਟ ਘੋਸ਼ਿਤ ਨਹੀਂ ਕੀਤਾ ਜਾਵੇਗਾ।ਜੇਕਰ ਵਿਦਿਆਰਥੀ ਦੀ ਉਤਰ ਕਾਪੀ ਉਸ ਦੀ ਆਪਣੀ handwriting ਵਿੱਚ ਨਹੀਂ ਪਾਈ ਜਾਂਦੀ ਤਾਂ ਇਸ ਕੇਸ ਨੂੰ UMC treat ਕਰਦੇ ਹੋਏ ਪੇਪਰ ਰੱਦ ਕਰ ਦਿੱਤਾ ਜਾਵੇਗਾ।

xiv. ਜਿਹੜੇ ਵਿਦਿਆਰਥੀਆਂ ਦੀ ਉਤਰ ਕਾਪੀ ਪ੍ਰੀਖਿਆ ਖਤਮ ਹੋਣ ਉਪਰੰਤ ਮਿੱਥੇ ਸਮੇਂ ਤਕ (ਪੇਪਰ ਖਤਮ ਹੋਣ ਤੋ 30 ਮਿੰਟ ਤਕ) invigilator ਨੂੰ ਪ੍ਰਾਪਤ ਨਹੀ ਹੁੰਦੀ ਜਾ ਕਿਸੇ ਟੈਕਨੀਕਲ ਕਾਰਨਾ ਕਰਕੇ ਸੰਸਥਾ ਵਿੱਚ ਪ੍ਰਾਪਤ ਨਹੀ ਹੁੰਦੀ ਤਾਂ ਇਹੋ ਜਿਹੇ ਵਿਦਿਆਰਥੀਆਂ ਨੂੰ absent ਸਮਝਿਆ ਜਾਵੇਗਾ।

xv. ਸਸੰਥਾਂ ਵਲੋਂ ਇਨ੍ਹਾਂ ਉਤਰ ਕਾਪੀਆਂ ਦਾ ਪ੍ਰਿੰਟ ਲੈ ਕੇ ਉਤਰ ਕਾਪੀਆਂ ਨੂੰ ਨੋਡਲ ਸੈਂਟਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।Covid-19 ਮਹਾਂਮਾਰੀ ਦੇ ਕਰਕੇ ਉਤਰ ਕਾਪੀਆਂ ਬੋਰਡ ਦਫਤਰ ਵਿੱਚ ਨਹੀਂ ਮੰਗਵਾਈਆਂ ਜਾਣਗੀ ਕਿਉਂਕਿ ਇਸ ਮਾਹੌਲ ਵਿੱਚ ਉਤਰ ਕਾਪੀਆਂ ਦੀ ਟਰਾਂਸਪੋਰਟੇਸ਼ਨ ਮੁਸ਼ਿਕਲ ਹੈ, ਇਸ ਕਰਕੇ ਜਿਨ੍ਹਾਂ ਨੋਡਲ ਸੈਂਟਰ ਵਿੱਚ ਉਤਰ ਕਾਪੀਆਂ ਜਮ੍ਹਾਂ ਕਰਵਾਈ ਜਾਣਗੀਆਂ, ਉਸ ਨੋਡਲ ਸੈਂਟਰ ਵਿੱਚ ਹੀ ਇਨ੍ਹਾਂ ਉਤਰ ਕਾਪੀਆਂ ਦੀ ਮਾਰਕਿੰਗ ਕਰਵਾਈ ਜਾਵੇਗੀ। ਇਸ ਤਰ੍ਹਾਂ ਨੋਡਲ ਸੈਂਟਰ ਵਿੱਚ ਹੀ ਮਾਰਕਿੰਗ ਕਰਵਾਉਣ ਨਾਲ ਰਿਜਲਟ ਸਮੇਂ ਸਿਰ ਘੋਸ਼ਿਤ ਕੀਤਾ ਜਾ ਸਕੇਗਾ।

xvi. Invigilator ਆਪਣੇ ਅਧੀਨ ਆਉਂਦੇ 30 ਵਿਦਿਆਰਥੀਆਂ ਦੀ Attendance ਲਗਾਉਣਾ ਯਕੀਨੀ ਬਨਾਉਣਗੇ, ਅਤੇ ਇਹ ਵੀ ਧਿਆਨ ਰੱਖਣਗੇ ਜਿਹੜੇ ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਭੇਜਿਆ ਗਿਆ ਹੈ, ਉਨ੍ਹੇ ਹੀ ਵਿਦਿਆਰਥੀਆਂ ਦੀ ਉਤਰ ਕਾਪੀਆਂ ਉਸ ਨੂੰ ਵਾਪਸ ਪ੍ਰਾਪਤ ਹੋ ਗਈਆਂ ਹਨ। Invigilator ਦੇ ਕੋਲ ਆਪਣੇ ਅਧੀਨ ਆਉਂਦੇ 30 ਵਿਦਿਆਰਥੀਆਂ ਦੇ Mobile No. & Email Address ਮੌਜੂਦ ਹੋਣ।

xvii. ਬੋਰਡ ਵਲੋਂ ਭੇਜੇ ਗਏ Attendance cum Challan Form ਵਿੱਚ Answer Sheet No./File Name ਦਰਸਾਇਆ ਜਾਵੇਗਾ। Invigilator ਵਲੋਂ ਘਰ ਬੈਠ ਕੇ ਪੇਪਰ ਦੇ ਰਹੇ ਵਿਦਿਆਰਥੀਆਂ ਦਾ ਫਾਇਲ ਨੇਮ ਇਸ column ਵਿੱਚ ਭਰਿਆ ਜਾਵੇਗਾ ਅਤੇ ਆਪਣੇ ਪੱਧਰ ਤੇ ਵਿਦਿਆਰਥੀ ਦੀ attendance ਲਗਾਈ ਜਾਵੇਗੀ।

xviii. ਕਿਉਂਜੋ ਇਸ ਵਾਰ ਪ੍ਰੀਖਿਆ BLEND MODE (ONLINE + OFFLINE) ਰਾਹੀ ਕਰਵਾਈ ਜਾਣੀ ਹੈ, ਇਸ ਲਈ ਜਿਹਨਾ ਪ੍ਰਾਈਵੇਟ ਸੰਸਥਾਵਾਂ ਦੇ ਪ੍ਰੀਖਿਆ ਕੇਂਦਰ ਦੂਸਰੇ ਸਰਕਾਰੀ ਸੰਸਥਾ ਵਿੱਚ ਸਿਫਟ ਕੀਤੇ ਗਏ ਹਨ, ਉਹ ਸੰਸਥਾਵਾਂ ਫਰਵਰੀ 2021 ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ

ਆਪਣੇ ਵਿਦਿਆਰਥੀਆਂ ਦੀ ਸਾਰੀ ਡਿਟੇਲ ਬਣਾਏ ਗਏ ਪ੍ਰੀਖਿਆ ਕੇਂਦਰਾਂ ਨੂੰ ਮੁਹਈਆ ਕਰਵਾਉਣੀ ਯਕੀਨੀ ਬਣਾਉਣ।

xix. ਜੇਕਰ ਕਿਸੇ ਸੰਸਥਾ ਦੇ ਵਿਦਿਆਰਥੀਆਂ ਨੂੰ ਆਨਲਾਈਨ ਮੋਡ ਰਾਹੀ ਪ੍ਰੀਖਿਆ ਦੇਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਸੰਸਥਾ ਵਲੋ ਆਪਣੇ ਪਧੱਰ ਤੇ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਹਾਜਰ ਹੋਕੇ ਪ੍ਰੀਖਿਆ ਦੇਣ ਲਈ ਕਿਹਾ ਜਾ ਸਕਦਾ ਹੈ।

xx. ਸੰਸਥਾਵਾਂ ਵਲੋ COVID-19 ਸਬੰਧੀ ਸਰਕਾਰ ਦੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਈਆ ਜਾਵੇ ਅਤੇ Social distancing ਦਾ ਧਿਆਨ ਰਖਿਆ ਜਾਵੇ। ਪ੍ਰੀਖਿਆ ਕੇਂਦਰ ਨੂੰ ਸਮੇ ਸਮੇ ਤੇ sanitize ਕੀਤਾ ਜਾਵੇ ਅਤੇ ਇਹ ਕੋਸ਼ਿਸ ਕੀਤੀ ਜਾਵੇ ਕਿ morning & evening shift ਦਾ ਪੇਪਰ ਵੱਖਰੇ ਵੱਖਰੇ floor/block ਵਿੱਚ ਕੰਡਕਟ ਕਰਵਾਈਆ ਜਾਵੇ ਤਾਂ ਜੋ sanitize ਲਈ ਜਿਆਦਾ ਸਮਾਂ ਮਿਲ ਸਕੇ।

xxi. **ਸਮੂਹ ਪ੍ਰੀਖਿਆ ਕੇਂਦਰਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪ੍ਰੀਖਿਆ ਸੈਂਟਰ ਦੌਰਾਨ Ground Floor ਜਾਂ First Floor ਤੇ ਬਣਾਉਣ। ਪ੍ਰੀਖਿਆ CCTV ਕੈਮਰੇ ਦੀ ਨਿਗਰਾਨੀ ਵਿੱਚ ਕਰਵਾਣੀ ਯਕੀਨੀ ਬਣਾਈ ਜਾਵੇ। ਪ੍ਰੀਖਿਆ ਦੌਰਾਨ CCTV ਕੈਮਰੇ ਦੀ recording external hard disk ਤੇ ਵਖਰੇ ਤੌਰ ਤੇ ਸੰਭਾਲੀ ਜਾਵੇ ਤਾਂ ਜੋ ਲੋੜ ਪੈਣ ਤੇ ਭਵਿੱਖ ਵਿੱਚ ਇਹ ਰਿਕਾਰਡਿੰਗ ਬੋਰਡ ਦਫਤਰ ਵਿੱਚ ਮੰਗਵਾਈ ਜਾ ਸਕੇ। ਇਸ ਤੋ ਇਲਾਵਾ online mode ਰਾਹੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੀ ਕੀਤੀ invigilation ਦੀ ਰਿਕਾਰਡਿੰਗ ਵੀ ਸੰਭਾਲੀ ਜਾਵੇ।**

2. Blend Mode (Online+Offline) ਰਾਹੀਂ ਕੰਡਕਟ ਕਰਵਾਈ ਜਾਣ ਲਈ Question Paper ਦੇ ਪੈਟਰਨ ਵਿੱਚ ਹੇਠ ਅਨੁਸਾਰ ਕੁੱਛ ਬਦਲਾਵ ਕੀਤਾ ਗਿਆ ਹੈ।

i. Blend Mode (Online+Offline) ਰਾਹੀਂ ਬਹੁਤਕਨੀਕੀ/ਫਾਰਮੇਸੀ ਕਾਲਜਾਂ ਦੀ ਕੰਡਕਟ ਕਰਵਾਈ ਜਾਣ ਵਾਲੀ ਪ੍ਰੀਖਿਆ ਦੇ Question Paper ਦਾ duration of Question Paper 01:15 Hours ਰੱਖਿਆ ਗਿਆ ਹੈ। ਡਿਪਲੋਮਾ ਕੋਰਸਾਂ ਅਤੇ ਫਾਰਮੇਸੀ ਲਈ Question Paper ਦਾ objective type portion ਹਟਾ ਦਿੱਤਾ ਗਿਆ ਹੈ। ਡਿਪਲੋਮਾ ਕੋਰਸਾਂ ਲਈ Question Paper ਦਾ Section-A 15 marks ਦਾ ਅਤੇ Section-B 10 marks ਦਾ ਰੱਖਿਆ ਗਿਆ ਹੈ। ਪ੍ਰਸ਼ਨ ਪੱਤਰ ਦੇ ਦੋਨੋ Section-A & Section-B subjective type ਦੇ ਹੋਣਗੇ ਅਤੇ Question Paper ਦੇ total marks 25 marks ਹੋਣਗੇ। ਫਾਰਮੇਸੀ ਦੇ Question Paper ਦਾ Section-A 16 marks ਦਾ ਅਤੇ Section-B 16 marks ਦਾ ਰੱਖਿਆ ਗਿਆ ਹੈ। ਪ੍ਰਸ਼ਨ ਪੱਤਰ ਦੇ ਦੋਨੋ Section-A ਅਤੇ Section-B subjective type ਦੇ ਹੋਣਗੇ ਅਤੇ Question Paper ਦੇ total marks 32 marks ਹੋਣਗੇ।

ii. ਵਿਦਿਆਰਥੀ ਪੇਪਰ ਦੇਣ ਸਮੇਂ ਉਤਰ ਕਾਪੀ ਦੇ ਪਹਿਲੇ ਪੇਜ ਤੇ ਆਪਣੀ information/particulars ਜਿਵੇਂ ਕਿ Candidate Name,Institute Name, Registration No.,Subject Name/subject Code Trade, semester/Class, date of exam ਲਿਖਣਾ ਯਕੀਨੀ ਬਨਾਉਣਗੇ।

iii. ਸਮੂਹ ਬਹੁਤਕਨੀਕੀ/ਫਾਰਮੇਸੀ ਸੰਸਥਾਵਾਂ ਨੂੰ question paper ਬੋਰਡ ਦੀ ਈ ਮੇਲ ਆਈ ਡੀ examspsbte.registrar@gmail.com ਤੋ ਪ੍ਰਾਪਤ ਹੋਣਗੇ ਅਤੇ ਜੇਕਰ ਪੇਪਰ ਪ੍ਰਾਪਤ ਹੋਣ ਸਬੰਧੀ ਕੋਈ ਵੀ ਔਕੜ ਪੇਸ਼ ਆਉਦੀ ਹੈ ਤਾਂ ਮੋਬਾਇਲ ਨੰਬਰ 9815907766 ਤੇ ਸੰਪਰਕ ਕੀਤਾ ਜਾ ਸਕਦਾ ਹੈ।

3 ਫਰਵਰੀ 2021 ਦੀ Blend mode (offline + online) ਰਾਹੀ ਕਰਵਾਈ ਜਾ ਰਹੀ ਪ੍ਰੀਖਿਆ ਦੌਰਾਨ ਵਰਤੀ ਗਈ ਸਟੇਸ਼ਨਰੀ ਆਦਿ ਦੇ ਖਰਚੇ ਸਬੰਧੀ ਬੋਰਡ ਵਲੋ ਪ੍ਰਵਾਨਿਤ ਰੇਟਾਂ ਤੋ ਇਲਾਵਾ ਵਖਰੇ ਤੌਰ ਤੇ ਕੋਈ ਅਦਾਇਗੀ ਨਹੀ ਕੀਤੀ ਜਾਵੇਗੀ।

4 ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬੋਰਡ ਵਲੋ ਨਿਰਧਾਰਤ ਨਿਯਮਾਂ ਅਨੁਸਾਰ ਹੀ ਫਰਵਰੀ 2021 ਪ੍ਰੀਖਿਆ ਦੌਰਾਨ invigilator ਅਤੇ ਹੋਰ ਸਟਾਫ ਦੀ ਡਿਉਟੀਆਂ ਲਗਾਈਆਂ ਜਾਣ।

5 ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਤਰ ਕਾਪੀਆਂ ਦੀ ਪੈਕਿੰਗ ਹੇਠ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

| | | |
|---|---|---|
| ਸਫੇਦ ਰੰਗ ਦੇ ਪੈਕਟ | - | ਫਾਰਮੇਸੀ |
| ਹਰੇ ਰੰਗ ਦੇ ਪੈਕਟ | - | ਬਾਕੀ ਰਹਿੰਦੇ ਡਿਪਲੋਮਾ ਕੋਰਸ |
| ਨੀਲੇ ਰੰਗ ਦੇ ਪੈਕਟ | - | UMC ਕੇਸ |

ਰਜਿਸਟਰਾਰ

PSBTE & IT DIPLOMA EXAM FEB - 2021 No of attempted sheets-

Semester ___________ Subject Code Registration Number___________________________

Student Name_______________________________________ Date of Exam________________

Subject Name__________________________ Course Name______________________________

Institute Name ______________________________________________________________

Page No. _______ Student's Signature________________________